" ਬਾਪ ਸਮਾਨ ਬਣਨ ਦਾ ਸਹਿਜ ਪੁਰਸ਼ਾਰਥ – "ਆਗਿਆਕਾਰੀ ਬਣੋ"

ਅੱਜ ਬਾਪਦਾਦਾ ਆਪਣੀ ਹੋਲੀ ਹੰਸ ਮੰਡਲੀ ਨੂੰ ਵੇਖ ਰਹੇ ਹਨ। ਹਰ ਇੱਕ ਬੱਚਾ ਹੋਲੀ ਹੰਸ ਹੈ। ਸਦਾ ਮਨ ਵਿਚ ਗਿਆਨ ਰਤਨਾਂ ਦਾ ਮੰਨਨ ਕਰਦੇ ਰਹਿੰਦੇ ਹਨ। ਹੋਲੀ ਹੰਸ ਦਾ ਕੰਮ ਹੀ ਹੈ ਵਿਅਰਥ ਦੇ ਕੰਕੜ ਛੱਡਣਾ ਅਤੇ ਗਿਆਨ ਰਤਨਾਂ ਦਾ ਮੰਨਨ ਕਰਨਾ। ਇੱਕ - ਇੱਕ ਰਤਨ ਕਿੰਨਾਂ ਅਮੁੱਲ ਹੈ। ਹਰ ਇੱਕ ਬੱਚਾ ਗਿਆਨ ਰਤਨਾਂ ਦੀ ਖਾਣ ਬਣ ਗਿਆ ਹੈ। ਗਿਆਨ ਰਤਨਾਂ ਦੇ ਖਜਾਨੇ ਨਾਲ ਸਦਾ ਭਰਪੂਰ ਰਹਿੰਦੇ ਹਨ।

ਅੱਜ ਬਾਪਦਾਦਾ ਬੱਚਿਆਂ ਵਿੱਚ ਇੱਕ ਵਿਸ਼ੇਸ਼ ਗੱਲ ਚੈਕ ਕਰ ਰਹੇ ਸਨ। ਉਹ ਕੀ ਸੀ ? ਗਿਆਨ ਅਤੇ ਯੋਗ ਦੀ ਸਹਿਜ ਧਾਰਣਾ ਹੈ ਬਾਪ ਅਤੇ ਦਾਦਾ ਦੇ ਆਗਿਆਕਾਰੀ ਬਣ ਚੱਲਣਾ। ਬਾਪ ਦੇ ਰੂਪ ਵਿੱਚ ਵੀ ਆਗਿਆਕਾਰੀ, ਸਿੱਖਿਅਕ ਦੇ ਰੂਪ ਵਿੱਚ ਵੀ ਅਤੇ ਸਤਿਗੁਰੂ ਦੇ ਰੂਪ ਵਿੱਚ। ਤਿੰਨਾਂ ਹੀ ਰੂਪਾ ਵਿੱਚ ਆਗਿਆਕਾਰੀ ਬਣਨਾ ਮਤਲਬ ਸਹਿਜ ਪੁਰਸ਼ਾਰਥੀ ਬਣਨਾ ਕਿਉਂਕਿ ਤਿੰਨਾਂ ਹੀ ਰੂਪਾ ਨਾਲ ਬੱਚਿਆਂ ਨੂੰ ਆਗਿਆ ਮਿਲੀ ਹੈ। ਅੰਮ੍ਰਿਤਵੇਲੇ ਤੋਂ ਲੈਕੇ ਰਾਤ ਤੱਕ ਹਰ ਸਮੇਂ, ਹਰ ਕਰਤਵ ਦੀ ਆਗਿਆ ਮਿਲੀ ਹੋਈ ਹੈ। ਆਗਿਆ ਦੇ ਪ੍ਰਮਾਣ ਚੱਲਦੇ ਰਹੇ ਤਾਂ ਕਿਸੇ ਵੀ ਤਰ੍ਹਾਂ ਦੀ ਮਿਹਨਤ ਅਤੇ ਮੁਸ਼ਕਿਲ ਅਨੁਭਵ ਨਹੀਂ ਹੋਵੇਗੀ। ਹਰ ਸਮੇਂ ਮਨਸਾ ਸੰਕਲਪ, ਵਾਣੀ ਅਤੇ ਕਰਮ ਤਿੰਨਾਂ ਹੀ ਤਰ੍ਹਾਂ ਦੀ ਆਗਿਆ ਸਪੱਸ਼ਟ ਮਿਲੀ ਹੋਈ ਹੈ। ਸੋਚਣ ਦੀ ਵੀ ਜਰੂਰਤ ਨਹੀਂ ਕਿ ਇਹ ਕਰੀਏ ਜਾਂ ਨਾ ਕਰੀਏ। ਇਹ ਰਾਈਟ ਹੈ ਜਾਂ ਰਾਂਗ ਹੈ। ਸੋਚਣ ਦੀ ਮਿਹਨਤ ਨਹੀਂ ਹੈ। ਪਰਮਾਤਮ ਆਗਿਆ ਹੈ ਹੀ ਸਦਾ ਸ੍ਰੇਸ਼ਠ। ਤਾਂ ਕੁਮਾਰ ਜੋ ਵੀ ਆਏ ਹੋਏ ਹੋ, ਬਹੁਤ ਚੰਗਾ ਸੰਗਠਨ ਹੈ। ਤਾਂ ਹਰ ਇੱਕ ਨੇ ਬਾਪ ਦਾ ਬਣਦੇ ਹੀ ਬਾਪ ਨਾਲ ਵਾਇਦੇ ਕੀਤੇ ਹਨ? ਜਦੋਂ ਬਾਪ ਦੇ ਬਣੇ ਹਨ ਤਾਂ ਸਭ ਤੋਂ ਪਹਿਲੇ ਕਿਹੜਾ ਵਾਇਦਾ ਕੀਤਾ? ਬਾਬਾ ਤਨ -ਮਨ - ਧਨ ਜੋ ਵੀ ਹੈ, ਕੁਮਾਰਾਂ ਦੇ ਕੋਲ ਧਨ ਤਾਂ ਜ਼ਿਆਦਾ ਹੁੰਦੀ ਨਹੀਂ ਫਿਰ ਵੀ ਜੋ ਹੈ, ਸਭ ਤੁਹਾਡਾ ਹੈ। ਇਹ ਵਾਇਦਾ ਕੀਤਾ ਹੈ? ਤਨ ਵੀ, ਮਨ ਵੀ, ਧਨ ਵੀ ਅਤੇ ਸੰਬੰਧ ਵੀ ਸਭ ਤੁਹਾਡੇ - ਇਹ ਵੀ ਪੱਕਾ ਵਾਇਦਾ ਕੀਤਾ ਹੈ? ਜਦੋਂ ਤਨ - ਮਨ -ਧਨ, ਸੰਬੰਧ ਸਭ ਤੁਹਾਡਾ ਹੈ ਤਾਂ ਮੇਰਾ ਕੀ ਰਿਹਾ! ਫਿਰ ਕੁਝ ਮੇਰਾਪਨ ਹੈ? ਹੁੰਦਾ ਹੀ ਕੀ ਹੈ? ਤਨ, ਮਨ, ਧਨ, ਜਨ...ਸਭ ਬਾਪ ਦੇ ਹਵਾਲੇ ਕੀਤਾ ਹੈ? ਮਧੂਬਨ ਵਾਲੀਆਂ ਨੇ ਕੀਤਾ ਹੈ? ਪੱਕਾ ਹੈ ਨਾ! ਜਦੋਂ ਮਨ ਵੀ ਬਾਪ ਦਾ ਹੋਇਆ, ਮੇਰਾ ਮਨ ਤਾਂ ਨਹੀਂ ਹੈ ਨਾ! ਜਾਂ ਮਨ ਮੇਰਾ ਹੈ? ਮੇਰਾ ਸਮਝਕੇ ਯੂਜ਼ ਕਰਨਾ ਹੈ? ਜਦੋਂ ਮਨ ਬਾਪ ਨੂੰ ਦੇ ਦਿੱਤਾ ਤਾਂ ਇਹ ਵੀ ਤੁਹਾਡੇ ਕੋਲ ਅਮਾਨਤ ਹੈ। ਫਿਰ ਯੁੱਧ ਕਿਸ ਵਿੱਚ ਕਰਦੇ ਹੋ? ਮੇਰਾ ਮਨ ਪ੍ਰੇਸ਼ਾਨ ਹੈ, ਮੇਰੇ ਮਨ ਵਿੱਚ ਵੀ ਵਿਅਰਥ ਸੰਕਲਪ ਆਉਂਦੇ ਹਨ, ਮੇਰਾ ਮਨ ਵਿਚਲਿਤ ਹੁੰਦਾ ਹੈ... ਜਦੋਂ ਮੇਰਾ ਹੈ ਨਹੀਂ, ਅਮਾਨਤ ਹੈ ਫਿਰ ਅਮਾਨਤ ਨੂੰ ਮੇਰਾ ਸਮਝ ਕੇ ਯੂਜ਼ ਕਰਨਾ, ਕੀ ਇਹ ਅਮਾਨਤ ਵਿੱਚ ਖਿਆਨਤ ਨਹੀਂ ਹੈ? ਮਾਇਆ ਦੇ ਦਰਵਾਜ਼ੇ ਹਨ - ਮੈਂ ਅਤੇ ਮੇਰਾ"। ਤਾਂ ਤਨ ਵੀ ਤੁਹਾਡਾ ਨਹੀਂ, ਫਿਰ ਦੇਹ -ਅਭਿਮਾਨ ਦਾ ਮੈਂ ਕਿਥੋਂ ਤੋਂ ਆਇਆ! ਮਨ ਵੀ ਤੁਹਾਡਾ ਨਹੀਂ, ਤਾਂ ਮੇਰਾ -ਮੇਰਾ ਕਿਥੋਂ ਤੋਂ ਆਇਆ? ਤੇਰਾ ਹੈ ਜਾਂ ਮੇਰਾ ਹੈ? ਬਾਪ ਦਾ ਹੈ ਜਾਂ ਸਿਰਫ਼ ਕਹਿਣਾ ਹੈ, ਕਰਨਾ ਨਹੀਂ? ਕਹਿਣਾ ਬਾਪ ਦਾ ਅਤੇ ਮੰਨਣਾ ਮੇਰਾ! ਸਿਰਫ਼ ਪਹਿਲਾਂ ਵਾਇਆ ਯਾਦ ਕਰੋ ਕਿ ਨਾ ਬਾਡੀ ਕਾਂਨਸੇਸ ਦੀ ਮੈਂ ਹੈ, ਨਾ ਮੇਰਾ। ਤਾਂ ਜੋ ਬਾਪ ਦੀ ਆਗਿਆ ਹੈ, ਤਨ ਨੂੰ ਵੀ ਅਮਾਨਤ ਸਮਝੋਂ। ਮਨ ਨੂੰ ਵੀ ਅਮਾਨਤ ਸਮਝੋ। ਫਿਰ ਮਿਹਨਤ ਦੀ ਜਰੂਰਤ ਹੈ ਕੀ? ਕੋਈ ਵੀ ਕਮਜ਼ੋਰੀ ਆਉਂਦੀ ਹੈ ਤਾਂ ਇਹਨਾਂ ਦੋ ਸ਼ਬਦਾਂ ਨਾਲ ਆਉਂਦੀ ਹੈ - "ਮੈਂ ਅਤੇ ਮੇਰਾ" ਤਾਂ ਨਾ ਤੁਹਾਡਾ ਤਨ ਹੈ, ਨਾ ਬਾਡੀ - ਕਾਂਨਸੇਸ ਦਾ ਮੈਂ। ਮਨ ਵਿੱਚ ਜੋ ਵੀ ਸੰਕਲਪ ਚੱਲਦੇ ਹਨ ਜੇਕਰ ਆਗਿਆਕਾਰੀ ਹੋਵੇ ਤਾਂ ਬਾਪ ਦੀ ਆਗਿਆ ਕੀ ਹੈ? ਪਾਜ਼ਿਟਿਵ ਸੋਚੋ, ਸ਼ੁਭ ਭਾਵਨਾ ਦੇ ਸੰਕਲਪ ਕਰੋ। ਫਾਲਤੂ ਸੰਕਲਪ ਕਰੋ - ਇਹ ਬਾਪ ਦੀ ਆਗਿਆ ਹੈ ਕੀ? ਨਹੀਂ। ਤਾਂ ਜਦੋਂ ਤੁਹਾਡਾ ਮਨ ਨਹੀਂ ਹੈ ਫਿਰ ਵੀ ਵਿਅਰਥ ਸੰਕਲਪ ਕਰਦੇ ਹੋ ਤਾਂ ਬਾਪ ਦੀ ਆਗਿਆ ਨੂੰ ਪ੍ਰੈਕਟਿਕਲ ਵਿੱਚ ਨਹੀਂ ਲਿਆਇਆ ਨਾ! ਸਿਰਫ਼ ਇੱਕ ਸ਼ਬਦ ਨੂੰ ਯਾਦ ਕਰੋ ਕਿ ਮੈਂ ਪਰਮਾਤਮ ਆਗਿਆਕਾਰੀ ਬੱਚਾ ਹਾਂ। ਬਾਪ ਦੀ ਇਹ ਆਗਿਆ ਹੈ ਜਾਂ ਨਹੀਂ ਹੈ। ਉਹ ਸੋਚੋ। ਜੋ ਆਗਿਆਕਾਰੀ ਬੱਚਾ ਹੁੰਦਾ ਹੈ ਉਹ ਸਦਾ ਬਾਪ ਨੂੰ ਖੁਦ ਹੀ ਯਾਦ ਹੁੰਦਾ ਹੈ। ਖੁਦ ਹੀ ਪਿਆਰਾ ਹੁੰਦਾ ਹੈ। ਖੁਦ ਹੀ ਬਾਪ ਦੇ ਸਮੀਪ ਹੁੰਦਾ ਹੈ। ਤਾਂ ਚੈਕ ਕਰੋ ਮੈਂ ਬਾਪ ਦੇ ਸਮੀਪ, ਬਾਪ ਦਾ ਆਗਿਆਕਾਰੀ ਹਾਂ? ਇੱਕ ਸ਼ਬਦ ਤਾਂ ਅੰਮ੍ਰਿਤਵੇਲੇ ਯਾਦ ਕਰ ਸਕਦੇ ਹੋ -''ਮੈਂ ਕੌਣ?" ਆਗਿਆਕਾਰੀ ਹਾਂ ਜਾਂ ਕਦੀ ਆਗਿਆਕਾਰੀ ਅਤੇ ਕਦੀ ਆਗਿਆ ਤੋਂ ਕਿਨਾਰਾ ਕਰਨ ਵਾਲੇ?

ਬਾਪਦਾਦਾ ਸਦਾ ਕਹਿੰਦੇ ਹਨ ਕਿ ਕਿਸੇ ਵੀ ਰੂਪ ਵਿੱਚ ਜੇਕਰ ਇੱਕ ਬਾਬਾ ਦਾ ਸੰਬੰਧ ਹੀ ਯਾਦ ਰਹੇ, ਦਿਲ ਤੋਂ ਨਿਕਲੇ ਬਾਬਾ, ਤਾਂ ਸਮੀਪਤਾ ਦਾ ਅਨੁਭਵ ਕਰਨਗੇ। ਮੰਤਰ ਮੁਆਫਿਕ ਨਹੀਂ ਕਹੋ "ਬਾਬਾ -ਬਾਬਾ" , ਉਹ ਰਾਮ - ਰਾਮ ਕਹਿੰਦੇ ਹਨ ਤੁਸੀਂ ਬਾਬਾ -ਬਾਬਾ ਕਹਿੰਦੇ, ਪਰ ਦਿਲ ਤੋਂ ਨਿਕਲੇ ਬਾਬਾ। ਹਰ ਕਰਮ ਕਰਨ ਤੋਂ ਪਹਿਲੇ ਚੈਕ ਕਰੋ ਕਿ ਮਨ ਦੇ ਲਈ, ਤਨ ਦੇ ਲਈ ਜਾਂ ਧਨ ਦੇ ਲਈ ਬਾਬਾ ਦੀ ਆਗਿਆ ਕੀ ਹੈ? ਕੁਮਾਰੀ ਦੇ ਕੋਲ ਭਾਵੇਂ ਕਿੰਨਾ ਵੀ ਥੋੜ੍ਹਾ ਜਿਹਾ ਧਨ ਹੈ ਪਰ ਜਿਵੇਂ ਬਾਬਾ ਨੇ ਆਗਿਆ ਦਿੱਤੀ ਹੈ ਕਿ ਧਨ ਦਾ ਪੋਤਾਮੇਲ ਕਿਸ ਤਰ੍ਹਾਂ ਨਾਲ ਰੱਖੋ, ਉਵੇਂ ਰੱਖਿਆ ਹੈ? ਜਾਂ ਜਿਵੇਂ ਆਉਂਦਾ ਉਵੇਂ ਚੱਲਦੇ? ਹਰ ਇੱਕ ਕੁਮਾਰ ਨੂੰ ਧਨ ਦਾ ਵੀ ਪੋਤਾਮੇਲ ਰੱਖਣਾ ਚਾਹੀਦਾ। ਧਨ ਨੂੰ ਕਿੱਥੇ ਅਤੇ ਕਦੋਂ ਯੂਜ਼ ਕਰਨਾ ਹੈ, ਮਨ ਨੂੰ ਵੀ ਕਿੱਥੇ ਅਤੇ ਕਿਵੇਂ ਯੂਜ਼ ਕਰਨਾ ਹੈ, ਤਨ ਨੂੰ ਵੀ ਕਿੱਥੇ ਲਗਾਉਣਾ

ਹੈ, ਇਹ ਸਭ ਪੋਤਾਮੇਲ ਹੋਣਾ ਚਾਹੀਦਾ ਹੈ। ਤੁਸੀਂ ਦਾਦੀਆਂ ਜਦੋਂ ਧਾਰਨਾ ਦੀ ਕਲਾਸ ਕਰਾਉਂਦੀਆਂ ਹਨ ਤਾਂ ਸਮਝਾਉਂਦੀਆਂ ਹੋ ਨਾ ਕਿ ਧਨ ਨੂੰ ਕਿਵੇ ਯੂਜ਼ ਕਰੋ! ਕੀ ਪੋਤਾਮੇਲ ਰੱਖੋ! ਕੁਮਾਰਾਂ ਨੂੰ ਪਤਾ ਹੈ ਪੋਤਾਮੇਲ ਕਿਵੇਂ ਰੱਖਣਾ ਹੈ, ਕਿੱਥੇ ਲਗਾਉਣਾ ਹੈ, ਇਹ ਪਤਾ ਹੈ? ਥੋੜ੍ਹੇ ਹੱਥ ਉਠਾ ਰਹੇ ਹਨ, ਨਵੇਂ - ਨਵੇਂ ਵੀ ਹਨ, ਇਹਨਾਂ ਨੂੰ ਪਤਾ ਨਹੀਂ ਹੈ। ਇਹਨਾਂ ਨੂੰ ਇਹ ਜਰੂਰ ਦੱਸਣਾ ਹੈ ਕੀ - ਕੀ ਕਰਨਾ ਹੈ! ਨਿਸ਼ਚਿਤ ਹੋ ਜਾਣਗੇ, ਬੋਝ ਨਹੀਂ ਲੱਗੇਗਾ ਕਿਉਂਕਿ ਤੁਸੀਂ ਸਭਦਾ ਲਕਸ਼ ਹੈ, ਕੁਮਾਰ ਮਾਨਾ ਲਾਇਟ। ਡਬਲ ਲਾਇਟ। ਕੁਮਾਰਾਂ ਦਾ ਲਕਸ਼ ਹੈ ਨਾ ਕਿ ਸਾਨੂੰ ਨੰਬਰਵਨ ਆਉਣਾ ਹੈ? ਤਾਂ ਲਕਸ਼ ਦੇ ਨਾਲ ਲਕਸ਼ਨ ਵੀ ਚਾਹੂੰ ਹਨ। ਲਕਸ਼ ਬਹੁਤ ਉੱਚਾ ਹੋਵੇ ਅਤੇ ਲਕਸ਼ਨ ਨਹੀਂ ਹੋਣ ਤਾਂ ਲਕਸ਼ ਤੱਕ ਪਹੁੰਚਣਾ ਮੁਸ਼ਕਿਲ ਹੈ ਇਸਲਈ ਜੋ ਬਾਪ ਦੀ ਆਗਿਆ ਹੈ ਉਸਨੂੰ ਸਦਾ ਬੁੱਧੀ ਵਿੱਚ ਰੱਖ ਫਿਰ ਕੰਮ ਵਿੱਚ ਆਓ।

ਬਾਪਦਾਦਾ ਨੇ ਪਹਿਲੇ ਵੀ ਸਮਝਾਇਆ ਹੈ ਕਿ ਬ੍ਰਾਹਮਣ ਜੀਵਨ ਦੇ ਮੁਖ ਖਜ਼ਾਨੇ ਹਨ - ਸੰਕਲਪ, ਸਮੇਂ ਅਤੇ ਸ਼ਵਾਸ। ਤੁਹਾਡੇ ਸ਼ਵਾਸ ਵੀ ਬਹੁਤ ਅਮੁਲ ਹਨ। ਇੱਕ ਸ਼ਵਾਸ ਵੀ ਕਾਮਨ ਨਹੀਂ ਹੋਵੇ, ਵਿਅਰਥ ਨਹੀਂ ਹੋਵੇ। ਭਗਤੀ ਵਿੱਚ ਕਹਿੰਦੇ ਹਨ ਸ਼ਵਾਸ਼ੋਂ ਸ਼ਵਾਸ ਆਪਣੇ ਇਸ਼ਟ ਨੂੰ ਯਾਦ ਕਰੋ। ਸਵਾਸ਼ ਵੀ ਵਿਅਰਥ ਨਹੀਂ ਜਾਵੇ। ਗਿਆਨ ਦਾ ਖਜ਼ਾਨਾ ਸ਼ਕਤੀਆਂ ਦਾ ਖਜ਼ਾਨਾ ਇਹ ਤੇ ਹੈ ਹੀ। ਪਰ ਇਹ ਤਿੰਨੋ ਖਜ਼ਾਨੇ ਸੰਕਲਪ, ਸਮੇਂ ਅਤੇ ਸਵਾਸ਼ ਆਗਿਆ ਪ੍ਰਮਾਣ ਸਫ਼ਲ ਹੁੰਦੇ ਹਨ। ਵਿਅਰਥ ਤੇ ਨਹੀਂ ਜਾਂਦੇ। ਕਿਉਂਕਿ ਵਿਅਰਥ ਜਾਣ ਨਾਲ ਜਮਾਂ ਨਹੀਂ ਹੁੰਦਾ। ਅਤੇ ਜਮਾਂ ਦਾ ਖਾਤਾ ਸੰਗਮ ਤੇ ਹੀ ਜਮਾਂ ਕਰਨਾ ਹੈ। ਹੈ। ਭਾਵੇਂ ਸਤਿਯੁਗ, ਤ੍ਰੇਤਾ ਵਿੱਚ ਸ੍ਰੇਸ਼ਠ ਪਦ ਪ੍ਰਾਪਤ ਕਰਨਾ ਹੈ, ਭਾਵੇਂ ਦਵਾਪਰ, ਕਲਿਯੁਗ ਵਿੱਚ ਪੂਜਯ ਪਦਵੀ ਪਾਉਣਾ ਹੈ ਦੋਵਾਂ ਦਾ ਜਮਾਂ ਇਸ ਸੰਗਮ ਤੇ ਕਰਨਾ ਹੈ। ਇਸ ਹਿਸਾਬ ਨਾਲ ਸੋਚੋ ਕਿ ਸੰਗਮ ਸਮੇਂ ਦੀ ਜੀਵਨ ਦੇ, ਛੋਟੇ ਜਿਹੇ ਜਨਮ ਦੇ ਸੰਕਲਪ, ਸਮੇਂ, ਸ਼ਵਾਸ ਕਿੰਨੇ ਅਮੁਲ ਹਨ? ਇਸ ਵਿੱਚ ਅਲਬੇਲੇ ਨਹੀਂ ਬਣਨਾ। ਜਿਵੇਂ ਆਇਆ ਉਵੇਂ ਦਿਨ ਬੀਤ ਗਿਆ, ਦਿਨ ਬਿਤੀਆ ਨਹੀਂ ਪਰ ਇੱਕ ਦਿਨ ਵਿੱਚ ਬਹੁਤ- ਬਹੁਤ ਗਵਾਇਆ। ਜਦੋਂ ਵੀ ਕੋਈ ਫਾਲਤੂ ਸੰਕਲਪ, ਫਾਲਤੂ ਸਮੇਂ ਜਾਂਦਾ ਹੈ ਤਾਂ ਇਵੇਂ ਨਹੀਂ ਸਮਝੋਂ - ਚਲੋ 5 ਮਿੰਟ ਗਿਆ। ਬਚਾਓ। ਸਮੇਂ ਅਨੁਸਾਰ ਦੇਖੋ ਪ੍ਰਕ੍ਰਿਤੀ ਆਪਣੇ ਕੰਮ ਵਿੱਚ ਕਿੰਨੀ ਤੀਵ੍ਰ ਹੈ। ਕੁਝ ਨਾ ਕੁਝ ਖੇਡ ਦਿਖਾਉਂਦੀ ਰਹਿੰਦੀ ਹੈ। ਕਿੱਥੇ ਨਾ ਕਿੱਥੇ ਖੇਡ ਦਿਖਾਉਂਦੀ ਰਹਿੰਦੀ ਹੈ। ਪਰ ਪ੍ਰਕ੍ਰਿਤੀਪਤੀ ਬ੍ਰਾਹਮਣ ਬੱਚਿਆਂ ਦਾ ਖੇਲ੍ਹ ਹੀ ਇੱਕ ਹੀ ਹੈ - ਉੱਡਦੀ ਕਲਾ ਦਾ। ਤਾਂ ਪ੍ਰਕ੍ਰਿਤੀ ਤਾਂ ਖੇਲ ਦਿਖਾਉਂਦੀ ਪਰ ਬ੍ਰਾਹਮਣ ਆਪਣੇ ਉੱਡਦੀ ਕਲਾ ਦਾ ਖੇਲ੍ਹ ਦਿਖਾ ਰਹੇ ਹੋ?

ਕਿਸੇ ਬੱਚੇ ਨੇ ਬਾਪਦਾਦਾ ਨੂੰ ਉੜੀਸਾ ਦੇ ਸਮੁੰਦਰੀ ਤੂਫ਼ਾਨ ਦੀ ਰਿਜ਼ਲਟ ਲਿਖਕੇ ਦਿੱਤੀ, ਇਹ ਹੋਇਆ …। ਤਾਂ ਉਹ ਪ੍ਰਕ੍ਰਿਤੀ ਦਾ ਖੇਲ ਤਾਂ ਦੇਖ ਲਿਆ। ਪਰ ਬਾਪਦਾਦਾ ਪੁੱਛਦੇ ਹਨ ਕਿ ਤੁਸੀਂ ਲੋਕਾਂ ਨੇ ਸਿਰਫ਼ ਪ੍ਰਕ੍ਰਿਤੀ ਦਾ ਖੇਲ੍ਹ ਦੇਖਿਆ ਜਾਂ ਆਪਣੇ ਉੱਡਦੀ ਕਲਾ ਦੇ ਖੇਲ ਵਿੱਚ ਬਿਜ਼ੀ ਰਹੇ? ਜਾਂ ਸਿਰਫ਼ ਸਮਾਚਾਰ ਸੁਣਦੇ ਰਹੇ ? ਸਮਾਚਾਰ ਤਾਂ ਸਭ ਸੁਣਨਾ ਵੀ ਪੈਂਦਾ ਹੈ, ਪਰ ਜਿਨਾਂ ਸਮਾਚਾਰ ਸੁਣਨ ਵਿੱਚ ਇੰਟਰੇਸ੍ਟ ਰਹਿੰਦਾ ਹੈ ਓਨਾ ਆਪਣੀ ਉੱਡਦੀ ਕਲਾ ਦੀ ਬਾਜ਼ੀ ਵਿੱਚ ਰਹਿਣ ਦਾ ਇੰਨਟਰੱਸਟ ਰਿਹਾ ? ਕਈ ਬੱਚੇ ਗੁਪਤ ਯੋਗੀ ਵੀ ਹਨ, ਇਵੇਂ ਦੇ ਗੁਪਤ ਯੋਗੀ ਬੱਚਿਆਂ ਨੂੰ ਬਾਪਦਾਦਾ ਦੀ ਮੱਦਦ ਵੀ ਬਹੁਤ ਮਿਲੀ ਹੈ ਅਤੇ ਇਵੇਂ ਦੇ ਬੱਚੇ ਖੁਦ ਵੀ ਅਚਲ, ਸਾਕ੍ਸ਼ੀ ਰਹੇ ਅਤੇ ਵਾਯੂਮੰਡਲ ਵਿੱਚ ਵੀ ਸਮੇਂ ਤੇ ਸਹਿਯੋਗ ਦਿੱਤਾ। ਜਿਵੇਂ ਸਥੂਲ ਸਹਿਯੋਗ ਦੇਣ ਵਾਲੇ, ਭਾਵੇਂ ਗੋਵਰਨਮੈਂਟ, ਭਾਵੇਂ ਆਸ-ਪਾਸ ਦੇ ਲੋਕ ਸਹਿਯੋਗ ਦੇਣ ਦੇ ਲਈ ਤਿਆਰ ਹੋ ਜਾਂਦੇ ਹਨ, ਅਜਿਹੀਆਂ ਬ੍ਰਾਹਮਣ ਆਤਮਾਵਾਂ ਨੇ ਵੀ ਆਪਣਾ ਸਹਿਯੋਗ - ਸ਼ਕਤੀ, ਸ਼ਾਂਤੀ ਦੇਣ ਦਾ, ਸੁਖ ਦੇਣ ਦਾ ਜੋ ਈਸ਼ਵਰੀ ਸ੍ਰੇਸ਼ਠ ਕੰਮ ਹੈ, ਉਹ ਕੀਤਾ? ਜਿਵੇਂ ਉਹ ਗੋਵਰਨਮੈਂਟ ਨੇ ਇਹ ਕੀਤਾ, ਫਲਾਣੇ ਦੇਸ਼ ਨੇ ਇਹ ਕੀਤਾ …ਫੌਰਨ ਹੀ ਅਨਾਊਂਸਮੈਂਟ ਕਰਨ ਲਗ ਜਾਂਦੇ ਹਨ, ਤਾਂ ਬਾਪਦਾਦਾ ਪੁੱਛਦੇ ਹਨ - ਤੁਸੀਂ ਬ੍ਰਾਹਮਣਾਂ ਨੇ ਵੀ ਆਪਣਾ ਇਹ ਕੰਮ ਕੀਤਾ? ਤੁਹਨੂੰ ਵੀ ਅਲਰਟ ਹੋਣਾ ਚਾਹੀਦਾ ਹੈ। ਸਥੂਲ ਸਹਿਯੋਗ ਇਹ ਵੀ ਜਰੂਰੀ ਹੁੰਦਾ ਹੈ, ਇਸ ਵਿੱਚ ਬਾਪਦਾਦਾ ਮਨਾ ਨਹੀਂ ਕਰਦੇ ਪਰ ਜੋ ਬ੍ਰਾਹਮਣ ਆਤਮਾਵਾਂ ਦਾ ਵਿਸ਼ੇਸ਼ ਕੰਮ ਹੈ, ਜੋ ਹੋਰ ਕੋਈ ਸਹਿਯੋਗ ਨਹੀਂ ਦੇ ਸਕਦਾ, ਅਜਿਹਾ ਸਹਿਯੋਗ ਅਲਰਟ ਹੋਕੇ ਤੁਸੀਂ ਦਿੱਤਾ? ਦੇਣਾ ਹੈ ਨਾ! ਜਾਂ ਫਿਰ ਉਹਨਾਂ ਨੂੰ ਵਸਤਰ ਚਾਹੀਦੇ, ਅਨਾਜ਼ ਚਾਹੀਦਾ ਹੈ ? ਪਰ ਪਹਿਲੇ ਤਾਂ ਮਨ ਵਿੱਚ ਸ਼ਾਂਤੀ ਚਾਹੀਦੀ ਹੈ, ਸਾਹਮਣਾ ਕਰਨ ਦੀ ਸ਼ਕਤੀ ਚਾਹੀਦੀ ਹੈ। ਤਾਂ ਸਥੂਲ ਨੇ ਨਾਲ ਸੂਕ੍ਸ਼੍ਮ ਸਹਿਯੋਗ ਬ੍ਰਾਹਮਣ ਹੀ ਦੇ ਸਕਦੇ ਹਨ ਹੋਰ ਕੋਈ ਦੇ ਨਹੀਂ ਸਕਦਾ ਹੈ। ਤਾਂ ਇਹ ਕੁਝ ਵੀ ਨਹੀਂ ਹੈ, ਇਹ ਤਾਂ ਰਿਹਰਸਲ ਹੈ। ਰੀਅਲ ਤਾਂ ਆਉਣ ਵਾਲਾ ਹੈ। ਉਸਦੀ ਰਿਹਰਸਲ ਤੁਹਾਨੂੰ ਵੀ ਬਾਪ ਜਾਂ ਸਮੇਂ ਕਰ ਰਿਹਾ ਹੈ। ਤਾਂ ਜੋ ਸ਼ਕਤੀਆਂ, ਜੋ ਖਜ਼ਾਨੇ ਉਹਨਾਂ ਦੇ ਕੋਲ ਹੈ, ਉਸਨੂੰ ਸਮੇਂ ਤੇ ਯੂਜ਼ ਕਰਨਾ ਆਉਂਦਾ ਹੈ?

ਕੁਮਾਰ ਕੀ ਕਰਨਗੇ ? ਸ਼ਕਤੀਆਂ ਜਮਾਂ ਹਨ ? ਸ਼ਾਂਤੀ ਜਮਾਂ ਹੈ ? ਯੂਜ਼ ਕਰਨਾ ਆਉਂਦਾ ਹੈ ? ਹੱਥ ਤੇ ਬਹੁਤ ਵਧੀਆ ਉਠਾਉਂਦੇ ਹਨ, ਹੁਣ ਪ੍ਰੈਕਟੀਕਲ ਵਿੱਚ ਦਿਖਾਉਣਾ। ਸਾਕਸ਼ੀ ਹੋਕੇ ਦੇਖਣਾ ਵੀ ਹੈ, ਸੁਣਨਾ ਵੀ ਹੈ ਅਤੇ ਸਹਿਯੋਗ ਦੇਣਾ ਵੀ ਹੈ। ਆਖਰੀਨ ਰੀਅਲ ਜਦੋਂ ਪਾਰ੍ਟ ਵੱਜੇਗਾ, ਉਸ ਵਿੱਚ ਸਾਕਸ਼ੀ ਅਤੇ ਨਿਰਭੈ ਹੋਕੇ ਵੇਖਣ ਵੀ ਅਤੇ ਪਾਰ੍ਟ ਵੀ ਵਜਾਉਣ। ਕਿਹੜਾ ਪਾਰ੍ਟ? ਦਾਤਾ ਦੇ ਬੱਚੇ, ਦਾਤਾ ਬਣ ਜੋ ਆਤਮਾਵਾਂ ਨੂੰ ਚਾਹੀਦਾ ਹੈ ਉਹ ਦਿੰਦੇ ਰਹਿਣ। ਤਾਂ ਮਾਸਟਰ ਦਾਤਾ ਹਨ ਨਾ ? ਸਟਾਕ ਜਮਾਂ ਕਰੋ, ਜਿਨਾਂ ਸਟਾਕ ਤੁਹਾਡੇ ਕੋਲ ਹੋਵੇਗਾ ਓਨਾ ਹੀ ਦਾਤਾ ਬਣ ਸਕੋਂਗੇ। ਅੰਤ ਤੱਕ ਆਪਣੇ ਲਈ ਹੀ ਜਮਾਂ ਕਰਦੇ ਰਹੋਗੇ ਤਾਂ ਦਾਤਾ ਨਹੀਂ ਬਣ ਸਕੋਂਗੇ। ਅਨੇਕ ਜਨਮ ਜੋ ਸ੍ਰੇਸ਼ਠ ਪਦਵੀ ਪਾਉਣੀ ਹੈ, ਉਹ ਪ੍ਰਾਪਤ ਨਹੀਂ ਕਰ ਸਕਦੇ ਹਨ, ਇਸਲਈ ਇੱਕ ਗੱਲ ਦਾ ਆਪਣੇ ਕੋਲ ਸਟੋਕ ਜਮਾਂ ਕਰੋ। ਸ਼ੁਭ ਭਾਵਨਾ, ਸ੍ਰੇਸ਼ਠ ਕਾਮਨਾ ਦਾ ਭੰਡਾਰ ਸਦਾ ਭਰਪੂਰ ਹੋਵੇ। ਦੂਸਰਾ - ਜੋ ਵਿਸ਼ੇਸ਼ ਸ਼ਕਤੀਆਂ ਹਨ, ਉਹ ਸ਼ਕਤੀਆਂ ਜਿਸ ਸਮੇਂ, ਜਿਸਨੂੰ ਵੀ ਚਾਹੀਦੀਆਂ ਹਨ ਉਸਨੂੰ ਦੇ ਸਕੋ। ਹੁਣ ਸਮੇਂ ਅਨੁਸਾਰ ਸਿਰਫ਼ ਆਪਣੇ ਪੁਰਸ਼ਾਰਥ ਵਿੱਚ ਸੰਕਲਪ ਅਤੇ ਸਮੇਂ ਦਵੋ, ਨਾਲ - ਨਾਲ ਦਾਤਾ

ਬਣ ਵਿਸ਼ਵ ਨੂੰ ਵੀ ਸਹਿਯੋਗ ਦਵੋ। ਆਪਣਾ ਪੁਰਸ਼ਾਰਥ ਤੇ ਸੁਣਾਇਆ - ਅੰਮ੍ਰਿਤਵੇਲੇ ਹੀ ਇਹ ਸੋਚੋਂ ਕਿ ਮੈਂ ਆਗਿਆਕਾਰੀ ਬੱਚਾ ਹੈ। ਹਰ ਕਰਮ ਦੇ ਲਈ ਆਗਿਆ ਮਿਲੀ ਹੋਈ ਹੈ। ਉੱਠਣ ਦੀ, ਸੌਣ ਦੀ, ਖਾਣ ਦੀ, ਕਰਮਯੋਗੀ ਬਣਨ ਦੀ। ਹਰ ਕਰਮ ਦੀ ਆਗਿਆ ਮਿਲੀ ਹੋਈ ਹੈ। ਆਗਿਆਕਾਰੀ ਬਣਨਾ ਇਹ ਹੀ ਬਾਪ ਸਮਾਨ ਬਣਨਾ ਹੈ। ਬਸ ਸ਼੍ਰੀਮਤ ਤੇ ਚਲਣਾ, ਨਾ ਮਨਮਤ, ਨਾ ਪਰਮਤ। ਐਡੀਸ਼ਨ ਨਹੀਂ ਹੋਵੇ। ਕਦੀ ਮਨਮਤ ਤੇ, ਕਦੀ ਪਰਮਤ ਤੇ ਚੱਲਣਗੇ ਤਾਂ ਮਿਹਨਤ ਕਰਨੀ ਪਵੇਗੀ। ਸਹਿਜ ਨਹੀਂ ਹੋਵੇਗਾ ਮਨਮਤ, ਪਰਮਤ ਉੱਡਣ ਨਹੀਂ ਦਵੇਗੀ। ਮਨਮਤ, ਬੋਝ ਵਾਲੀ ਹੈ ਅਤੇ ਬੋਝ ਉੱਡਣ ਨਹੀਂ ਦਵੇਗਾ। ਸ਼੍ਰੀਮਤ ਡਬਲ ਲਾਇਟ ਬਣਾਉਂਦੀ ਹੈ। ਸ਼੍ਰੀਮਤ ਤੇ ਚੱਲਣਾ ਮਤਲਬ ਸਹਿਜ ਬਾਪ ਸਮਾਨ ਹਨ? ਸ਼੍ਰੀਮਤ ਤੇ ਚੱਲਣ ਵਾਲੇ ਨੂੰ ਕੋਈ ਵੀ ਪਰਿਸਥਿਤੀ ਥਲੇ ਨਹੀਂ ਲਿਆ ਸਕਦੀ। ਤਾਂ ਸ਼੍ਰੀਮਤ ਤੇ ਚੱਲਣਾ ਆਉਂਦਾ ਹੈ ?

ਅੱਛਾ, ਤਾਂ ਕੁਮਾਰ ਹੁਣ ਕੀ ਕਰਨਗੇ ? ਨਿਮੰਤਰਣ ਮਿਲਿਆ। ਸਪੈਸ਼ਲ ਖਾਤਰੀ ਹੋਈ। ਦੇਖੋ, ਕਿੰਨੇ ਲਾਡਲੇ ਹੋ ਗਏ ਹੋ। ਤਾਂ ਹੁਣ ਅੱਗੇ ਕੀ ਕਰੋਂਗੇ ? ਰੇਸਪਾਂਡ ਦਵੋਗੇ ਜਾਂ ਉੱਥੇ ਗਏ ਤਾਂ ਉਥੋਂ ਦੇ ? ਇਵੇਂ ਤੇ ਨਹੀਂ ਹੈ ਨਾ ? ਇੱਥੇ ਤਾਂ ਬਹੁਤ ਮਜ਼ੇ ਵਿੱਚ ਹੋ। ਮਾਇਆ ਦੇ ਵਾਰ ਤੋਂ ਬਚੇ ਹੋਏ ਹੋ ? ਇਵੇਂ ਦਾ ਕੋਈ ਹੈ ਜਿਸਨੂੰ ਮਧੂਬਨ ਵਿੱਚ ਵੀ ਮਾਇਆ ਆਈ ਹੋਵੇ। ਇਵੇਂ ਦਾ ਕੋਈ ਹੈ ਜਿਸਨੂੰ ਮਧੂਬਨ ਵਿੱਚ ਵੀ ਮਿਹਨਤ ਕਰਨੀ ਹੋਵੇ। ਸੇਫ਼ ਹੋ। ਅੱਛਾ ਹੈ। ਬਾਪਦਾਦਾ ਵੀ ਖੁਸ਼ ਹੁੰਦੇ ਹਨ। ਸਮੇਂ ਆਏਗਾ ਜਦੋਂ ਯੂਥ ਗਰੁੱਪ ਤੇ ਗੌਰਮਿੰਟ ਦਾ ਵੀ ਅਟੈਂਸ਼ਨ ਜਾਏਗਾ ਪਰ ਉਦੋਂ ਜਾਏਗਾ ਜਦੋਂ ਤੁਸੀਂ ਵਿਘਣ-ਵਿਨਾਸ਼ਕ ਬਣ ਜਾਓ। ਵਿਘਣ - ਵਿਨਾਸ਼ਕ ਕਿਸਦਾ ਨਾਮ ਹੈ? ਤੁਸੀਂ ਲੋਕਾਂ ਦਾ ਹੈ ਨਾ! ਵਿਘਣਾ ਦਾ ਹਿੰਮਤ ਨਹੀਂ ਜੋ ਕੋਈ ਕੁਮਾਰ ਦਾ ਸਾਮਣਾ ਕਰੇ, ਉਦੋਂ ਕਹਾਂਗੇ ਵਿਘਣ - ਵਿਨਾਸ਼ਕ। ਵਿਘਣ ਦੀ ਹਾਰ ਭਾਵੇਂ ਹੋਵੇ, ਪਰ ਵਾਰ ਨਹੀਂ ਕਰੇ। ਵਿਘਣ - ਵਿਨਾਸ਼ਕ ਬਣਨ ਦੀ ਹਿੰਮਤ ਹੈ ? ਜਾਂ ਉੱਥੇ ਜਾਕੇ ਚਿੱਠੀ ਲਿਖਣਗੇ ਦਾਦੀ ਬਹੁਤ ਚੰਗਾ ਸੀ ਪਰ ਪਤਾ ਨਹੀਂ ਕੀ ਹੋ ਗਿਆ! ਇਵੇਂ ਤੇ ਨਹੀਂ ਲਿਖੋਗੇ ? ਇਹ ਹੀ ਖੁਸ਼ਖ਼ਬਰੀ ਲਿਖੋ - ਓ.ਕੇ., ਵੈਰੀ ਗੁੱਡ, ਵਿਘਣ ਵਿਨਾਸ਼ਕ ਹਾਂ। ਬਸ ਇੱਕ ਅੱਖਰ ਲਿਖੋ। ਜਿਆਦਾ ਲੰਬਾ ਪੱਤਰ ਨਹੀਂ। ਓ. ਕੇ.। ਅੱਛਾ।

ਮਧੂਬਨ ਦੀ ਵੀ ਵਿਸ਼ੇਸ਼ਤਾ ਬਾਪਦਾਦਾ ਦੇ ਕੋਲ ਪਹੁੰਚ ਗਈ ਹੈ। ਮਧੂਬਨ ਵਾਲਿਆਂ ਨੇ ਆਪਣੇ ਚਾਰਟ ਭੇਜੇ ਹਨ। ਬਾਪਦਾਦਾ ਦੇ ਕੋਲ ਪਹੁੰਚੇ ਹਨ। ਬਾਪਦਾਦਾ ਸਭ ਬੱਚਿਆਂ ਨੂੰ, ਆਗਿਆ ਮੰਨਣ ਵਾਲੇ ਆਗਿਆਕਾਰੀ ਬੱਚੇ ਦੀ ਨਜ਼ਰ ਨਾਲ ਦੇਖਦੇ ਹਨ। ਵਿਸ਼ੇਸ਼ ਕੰਮ ਮਿਲਿਆ ਅਤੇ ਏਵਰਰੈਡੀ ਬਣ ਕੀਤਾ ਹੈ, ਇਸਦੀ ਵਿਸ਼ੇਸ਼ ਮੁਬਾਰਕ ਦੇ ਰਹੇ ਹਨ। ਅੱਛਾ ਹਰ ਇੱਕ ਨੇ ਆਪਣਾ ਪਾਰ੍ਹ ਸਪੱਸ਼ਟ ਲਿਖਿਆ ਹੈ। (ਦਾਦੀ ਨਾਲ) ਤੁਸੀਂ ਵੀ ਰਿਜ਼ਲਟ ਦੇਖਕੇ ਕਲਾਸ ਕਰਨਾ। ਆਪਣੀ ਅਵਸਥਾ ਦਾ ਚਾਰਟ ਚੰਗਾ ਲਿਖਿਆ ਹੈ। ਬਾਪਦਾਦਾ ਤਾਂ ਮੁਬਾਰਕ ਦੇ ਹੀ ਰਹੇ ਹਨ। ਸੱਚੀ ਦਿਲ ਤੇ ਸਾਹਿਬ ਰਾਜ਼ੀ ਹੁੰਦਾ ਹੈ। ਅੱਛਾ।

ਚਾਰੋਂ ਪਾਸੇ ਦੇ ਬਾਪਦਾਦਾ ਦੇ ਆਗਿਆਕਾਰੀ ਬੱਚਿਆਂ ਨੂੰ, ਸਦਾ ਵਿਘਣ -ਵਿਨਾਸ਼ਕ ਬੱਚਿਆਂ ਨੂੰ, ਸਦਾ ਸ਼੍ਰੀਮਤ ਤੇ ਸਹਿਜ ਚੱਲਣ ਵਾਲੇ, ਮਿਹਨਤ ਤੋਂ ਮੁਕਤ ਰਹਿਣ ਵਾਲੇ, ਸਦਾ ਮੌਜ ਵਿੱਚ ਉੱਡਣ ਅਤੇ ਉਡਾਉਣ ਵਾਲੇ, ਸਰਵ ਖਜ਼ਾਨਿਆਂ ਦੇ ਭੰਡਾਰ ਨਾਲ ਭਰਪੂਰ ਰਹਿਣ ਵਾਲੇ ਇਵੇਂ ਬਾਪ ਦੇ ਸਮੀਪ ਅਤੇ ਸਮਾਨ ਰਹਿਣ ਵਾਲੇ ਬੱਚਿਆਂ ਨੂੰ ਬਹੁਤ - ਬਹੁਤ ਯਾਦਪਿਆਰ ਅਤੇ ਨਮਸਤੇ। ਕੁਮਾਰਾਂ ਨੂੰ ਵਿਸ਼ੇਸ਼ ਅਥੱਕ ਅਤੇ ਏਵਰਰੇਡੀ, ਸਦਾ ਉੱਡਦੀ ਕਲਾ ਵਿੱਚ ਉੱਡਣ ਵਾਲਿਆਂ ਨੂੰ ਬਾਪਦਾਦਾ ਦਾ ਵਿਸ਼ੇਸ਼ ਯਾਦਪਿਆਰ।

(ਬਾਪਦਾਦਾ ਨੇ ਡਾਇਮੰਡ ਹਾਲ ਵਿੱਚ ਬੈਠੇ ਹੋਏ ਸਭ ਭਰਾ - ਭੈਣਾਂ ਨੂੰ ਦ੍ਰਿਸ਼ਟੀ ਦੇਣ ਦੇ ਲਈ ਹਾਲ ਦਾ ਚੱਕਰ ਲਗਾਇਆ)

ਬਾਪਦਾਦਾ ਦਾ ਹਰ ਇੱਕ ਬੱਚੇ ਨਾਲ ਬਹੁਤ - ਬਹੁਤ ਪਿਆਰ ਹੈ। ਇਵੇਂ ਨਹੀਂ ਸਮਝੋਂ ਕਿ ਸਾਡੇ ਨਾਲ ਬਾਪਦਾਦਾ ਦਾ ਪਿਆਰ ਘੱਟ ਹੈ। ਤੁਸੀਂ ਭਾਵੇਂ ਭੁੱਲ ਵੀ ਜਾਓ ਪਰ ਬਾਪ ਨਿਰੰਤਰ ਹਰ ਬੱਚੇ ਦੀ ਮਾਲਾ ਜੱਪਦੇ ਰਹਿੰਦੇ ਹਨ ਕਿਉਂਕਿ ਬਾਪਦਾਦਾ ਨੂੰ ਹਰ ਬੱਚੇ ਦੀ ਵਿਸ਼ੇਸ਼ਤਾ ਸਦਾ ਸਾਹਮਣੇ ਰਹਿੰਦੀ ਹੈ। ਕੋਈ ਵੀ ਬੱਚਾ ਵਿਸ਼ੇਸ਼ ਨਾ ਹੋਵੇ, ਇਹ ਨਹੀਂ ਹੈ। ਹਰ ਬੱਚਾ ਵਿਸ਼ੇਸ਼ ਹੈ, ਬਾਪ ਕਦੀ ਇੱਕ ਬੱਚੇ ਨੂੰ ਭੁੱਲਦਾ ਨਹੀਂ ਹੈ। ਸਭ ਆਪਣੇ ਨੂੰ ਵਿਸ਼ੇਸ਼ ਆਤਮਾ ਸਮਝਦੇ ਹਨ। ਵਿਸ਼ੇਸ਼ ਕੰਮਾਂ ਦੇ ਲਈ ਨਿਮਿਤ ਹਨ। ਇਵੇਂ ਸਮਝ ਕੇ ਅੱਗੇ ਵੱਧਦੇ ਚਲੋ। ਅੱਛਾ।

ਵਰਦਾਨ:- ਸਦਾ ਰੂਹਾਨੀ ਸ਼ਥਿਤੀ ਵਿੱਚ ਰਹਿ ਦੂਸਰਿਆਂ ਨੂੰ ਵੀ ਰੂਹ ਦੇਖਣ ਵਾਲੇ ਰੂਹਾਨੀ ਰੂਹੇ ਗੁਲਾਬ ਭਵ

ਰੂਹੇ ਗੁਲਾਬ ਮਤਲਬ ਜਿਸ ਵਿੱਚ ਸਦਾ ਰੂਹਾਨੀ ਖੁਸ਼ਬੂ ਹੋਵੇ। ਰੂਹਾਨੀ ਖੁਸ਼ਬੂ ਵਾਲੇ ਜਿੱਥੇ ਵੀ ਦੇਖਣਗੇ ਜਿਸਨੂੰ ਵੀ ਦੇਖਣਗੇ ਤਾਂ ਰੂਹ ਨੂੰ ਦੇਖਣਗੇ, ਸ਼ਰੀਰ ਨੂੰ ਨਹੀਂ। ਤਾਂ ਖੁਦ ਵੀ ਸਦਾ ਰੂਹਾਨੀ ਸਥਿਤੀ ਵਿੱਚ ਰਹੋ ਅਤੇ ਦੂਸਰਿਆਂ ਨੂੰ ਵੀ ਰੂਹ ਦੇਖੋ। ਜਿਵੇਂ ਬਾਪ ਉੱਚੇ ਤੋਂ ਉੱਚਾ ਹੈ, ਉਵੇਂ ਉਸਦਾ ਬਗੀਚਾ ਵੀ ਉੱਚੇ ਤੋਂ ਉੱਚਾ ਹੈ, ਜਿਸ ਬਗੀਚੇ ਦਾ ਵਿਸ਼ੇਸ਼ ਸ਼ਿੰਗਾਰ ਰੂਹੇ ਗੁਲਾਬ ਤੁਸੀਂ ਬੱਚੇ ਹੋ। ਤੁਹਾਡੀ ਰੂਹਾਨੀ ਖੁਸ਼ਬੂ ਅਨੇਕ ਆਤਮਾਵਾਂ ਦਾ ਕਲਿਆਣ ਕਰਨ ਵਾਲੀ ਹੈ।

ਸਲੋਗਨ:- ਮਰਿਆਦਾ ਤੋੜ੍ਹ ਕੇ ਕਿਸੇ ਨੂੰ ਸੁਖ ਦਿੱਤਾ ਤਾਂ ਉਹ ਵੀ ਦੁੱਖ ਦੇ ਖ਼ਾਤੇ ਵਿੱਚ ਜਮਾਂ ਹੋ ਜਾਏਗਾ।

******